ਦਫਤਰ ਡਾਇਰੈਕਟਰ, ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸਦ, ਪੰਜਾਬ,
ਬਲਾਕ ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਐਸ.ਏ.ਐਸ. ਨਗਰ।
ਫੋਨ ਨੰ: 0172-2212221

ਵੱਲ:

ਸਮੂਹ ਸਕੂਲ ਮੁੱਖੀ (ਸੈ:ਸਿ:)
ਪੰਜਾਬ।

ਮੀਮੋ ਨੰ:5/26-2018/ਉਡਾਣ/2
ਮਿਤੀ 09-09-2019

ਵਿਸ਼ਾ:- 'ਉਡਾਣ ਪ੍ਰੋਜੈਕਟ' ਅਧੀਨ ਸਤੰਬਰ ਮਹੀਨੇ ਦੌਰਾਨ ਆਮ ਗਿਆਨ ਦੀ ਪ੍ਰੀਖਿਆ ਲੈਣ ਅਤੇ ਹੋਰ ਜਰੂਰੀ ਹਦਾਇਤਾਂ ਜਾਰੀ ਕਰਨ ਸਬੰਧੀ।

ਉਡਾਣ ਪ੍ਰੋਜੈਕਟ ਅਧੀਨ ਹਰ ਰੋਜ਼ 6ਵੀਂ ਤੋਂ 8ਵੀਂ , 9ਵੀਂ ਤੋਂ 10ਵੀਂ ਅਤੇ 11ਵੀਂ ਤੋਂ 12ਵੀਂ ਤਿੰਨ ਗਰੁੱਪਾਂ ਦੇ ਪ੍ਰਤੀ ਦਿਨ ਪੰਜ ਪ੍ਰਸ਼ਨ ਭੇਜੇ ਜਾ ਰਹੇ ਹਨ। ਜਿਸ ਦਾ ਉਦੇਸ਼ ਵਿਦਿਆਰਥੀਆਂ ਦੇ ਆਮ ਗਿਆਨ ਵਿੱਚ ਵਾਧਾ ਕਰਨਾ ਹੈ ਜਿਸ ਨੂੰ ਦੇਖਦੇ ਹੋਏ ਸਤੰਬਰ ਮਹੀਨੇ ਦੌਰਾਨ ਆਮ ਗਿਆਨ ਵਿਸ਼ੇ ਦੀ ਇੱਕ ਪ੍ਰੀਖਿਆ ਲਈ ਜਾਣੀ ਹੈ। ਇਹ ਪ੍ਰੀਖਿਆ ਬਾਕੀ ਵਿਭਾਗੀ ਪ੍ਰੀਖਿਆਵਾਂ ਦੀ ਲਗਾਤਾਰਤਾ ਵਿੱਚ 17 ਸਤੰਬਰ ਨੂੰ ਸਵੇਰੇ 8:30 ਤੋਂ 9:30 ਵਜੇ ਲਈ ਜਾਵੇਗੀ। ਜਿਸ ਦਾ ਪ੍ਰਸ਼ਨ ਪੱਤਰ ਸਟੇਟ ਵੱਲੋਂ Epunjab portal ਉਡਾਣ ਦੇ ਬਣੇ ਲਿੰਕ ਰਾਹੀਂ ਭੇਜਿਆ ਜਾਵੇਗਾ। ਪੇਪਰ ਵਿੱਚ ਕੁੱਲ 50 Multiple Choice Question ਹੋਣਗੇ ਜਿਸ ਵਿਚੋਂ 40 ਪ੍ਰਸ਼ਨ ਅਪ੍ਰੈਲ 2019 ਤੋਂ ਹੁਣ ਤੱਕ ਭੇਜੀਆਂ ਜਾ ਚੁੱਕੇ ਪ੍ਰਸ਼ਨਾਂ ਵਿਚੋਂ ਹੋਣਗੇ ਅਤੇ 10 ਪ੍ਰਸ਼ਨ (5 ਪੰਜਾਬੀ ਅਤੇ 5 ਅੰਗ੍ਰੇਜ਼ੀ) Word of the Day ਅਧੀਨ ਭੇਜੇ ਜਾ ਚੁੱਕੇ ਸਬਦਾਂ ਵਿਚੋਂ ਹੋਣਗੇ। ਸਤੰਬਰ ਮਹੀਨੇ ਦੌਰਾਨ ਉਡਾਣ ਦੀ ਨਵੀ ਪ੍ਰਸ਼ਨਾਵਲੀ ਨਹੀਂ ਭੇਜੀ ਜਾਵੇਗੀ ਬਲਕਿ ਪਹਿਲਾਂ ਭੇਜੇ ਜਾ ਚੁੱਕੀਆਂ ਉਡਾਣ ਦੀ ਸੀਟਾਂ (1-69) ਦੀ ਦੁਹਰਾਈ ਯਕੀਨੀ ਬਣਾਈ ਜਾਵੇਗੀ।

ਉਡਾਣ ਦੇ ਪੇਪਰ ਦੀ ਮਾਰਕਿੰਗ ਸਕੂਲ ਮੁੱਖੀ ਜਮਾਤ ਇੰਚਰਜਾਂ ਜਾਂ ਹੋਰ ਅਧਿਆਪਕਾਂ ਦੀ ਡਿਊਟੀ ਲਗਵਾ ਕੇ ਕਰਵਾ ਸਕਦੇ ਹਨ।

ਡਾਇਰੈਕਟਰ
ਐਸ.ਸੀ.ਈ.ਆਰ.ਟੀ (ਪੰਜਾਬ)

ਪਿੱਠ ਅੰਕਣ ਨੰ: ਉਕਤ ਮਿਤੀ -

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਜਿਲ੍ਹਾ ਸਿੱਖਿਆ ਅਫਸਰ (ਸੈ:ਸਿੱ:) ਪੰਜਾਬ।
2. ਪ੍ਰਿੰਸੀਪਲਜ ਡਾਇਟ, ਪੰਜਾਬ।
3. ਸਮੂਹ ਡੀ.ਐਮ.ਸਸ/ਅੰਗ੍ਰੇਜ਼ੀ, ਪੰਜਾਬ।
4. ਜਿਲ੍ਹਾ ਸਿੱਖਿਆ ਸੁਧਾਰ ਟੀਮਾਂ, ਪੰਜਾਬ।

ਡਾਇਰੈਕਟਰ
ਐਸ.ਸੀ.ਈ.ਆਰ.ਟੀ (ਪੰਜਾਬ)